## ਇਹ ਹਮਾਰਾ ਜੀਵਨਾ

7.6.97

# ਕਿਲ੍ਹਾ ਰਾਏਪੁਰ ਦੀ ਜ਼ਿਮਨੀ ਚੋਣ ਦੇ ਸਬਕ

**ਗੁਰਸ਼ਰਨ ਸਿੰਘ**

ਕਿਲ੍ਹਾ ਰਾਏਪੁਰ ਦੀ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਰਦਾਰ ਜਗਦੀਸ਼ ਸਿੰਘ ਗਰਚਾ ਦੀਆਂ 46,000 ਵੋਟਾਂ ਦੇ ਮੁਕਾਬਲੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਕਾਮਰੇਡ ਤਰਸੇਮ ਜੋਧਾਂ ਨੇ 37,000 ਵੋਟਾਂ ਲਈਆਂ ਹਨ। ਇਸ ਹਲਕੇ ਵਿਚ ਜਿਹੜੇ ਸਿਆਸੀ ਕਾਰਕੁੰਨ ਉੱਥੇ 14 ਦਿਨ ਰਹੇ, ਉਹ ਯਕੀਨ ਨਾਲ ਕਹਿ ਸਕਦੇ ਹਨ ਕਿ ਇਹ 37,000 ਵੋਟਾਂ ਉਸ ਹਲਕੇ ਦੇ ਗ਼ਰੀਬ ਵਰਗ ਨੇ ਪਾਈਆਂ ਹਨ। ਇਹ ਟੱਕਰ ਇਕ ਕਾਮਰੇਡ ਤੇ ਇਕ ਵੱਡੇ ਸਰਦਾਰ ਦੇ ਦਰਮਿਆਨ ਹੋ ਨਿੱਬੜੀ ਹੈ ਅਤੇ ਕਮਿਊਨਿਸਟ ਉਮੀਦਵਾਰ ਗ਼ਰੀਬ ਵਰਗ ਦਾ ਮਸੀਹਾ ਹੋ ਕੇ ਉੱਭਰਿਆ ਹੈ। ਆਉਣ ਵਾਲੇ ਸਮੇਂ ਲਈ ਇਹ ਸਚਾਈ ਉਨ੍ਹਾਂ ਕਮਿਊਨਿਸਟਾਂ ਨੂੰ, ਜੋ ਚੋਣਾਂ ਦੀ ਰਾਜਨੀਤੀ ਵਿਚ ਸਮਾਜਕ ਤਬਦੀਲੀ ਦਾ ਰਾਹ ਦੇਖਦੇ ਹਨ, ਇਕ ਸਬਕ ਦਿੰਦੀ ਹੈ। ਕਮਿਊਨਿਸਟਾਂ ਨੂੰ ਇਕ-ਨੁਕਾਤੀ ਪ੍ਰੋਗਰਾਮ ਤੇ ਕੰਮ ਕਰਨਾ ਪਵੇਗਾ ਕਿ ਉਹ ਗ਼ਰੀਬ ਵਰਗ ਦਾ ਵਿਸ਼ਵਾਸ ਕਿਸ ਤਰ੍ਹਾਂ ਜਿੱਤ ਸਕਦੇ ਹਨ। ਰੱਜੇ-ਪੁੱਜੇ ਲੋਕ ਕਮਿਊਨਿਸਟ ਫਲਸਫ਼ੇ ਦੇ ਧਾਰਨੀ ਕਦੀ ਨਹੀਂ ਹੋ ਸਕਦੇ।

ਕਮਿਊਨਿਸਟਾਂ ਕੋਲ ਇਕ ਸੀਮਤ ਕੈਡਰ ਹੈ। ਉਸ ਕੈਡਰ ਦਾ ਸਾਰਾ ਜ਼ੋਰ ਗਰੀਬ ਵਰਗ ਦੀ ਚੇਤਨਾ ਨੂੰ ਤੀਖਣ ਕਰਨ ਲਈ ਲੱਗਣਾ ਚਾਹੀਦਾ ਹੈ। ਹਰ ਇਕ ਮੁੱਦੇ ਨੂੰ ਉਸ ਗੋਸ਼ਟੀ ਵਿਚ ਲੈਣਾ ਪਏਗਾ ਕਿ ਇਹ ਮੁੱਦਾ ਗਰੀਬ ਵਰਗ ਉੱਤੇ ਕਿਸ ਤਰ੍ਹਾਂ ਅਸਰ ਪਾਉਂਦਾ ਹੈ। ਕੁਰੱਪਸ਼ਨ ਦਾ ਮੁੱਦਾ ਹੈ। "ਵੱਡੇ ਅਫ਼ਸਰ, ਵੱਡੀਆ ਕੰਪਨੀਆਂ, ਵੱਡੇ ਵਜ਼ੀਰ ਕੀ-ਕੀ ਕਰਦੇ ਹਨ", ਇਹ ਅਖ਼ਬਾਰਾਂ ਦੀ ਬਹਿਸ ਹੋ ਸਕਦੀ ਹੈ, ਅਸੈਂਬਲੀ ਅਤੇ ਪਾਰਲੀਮੈਂਟ ਵਿਚ ਵੀ ਬਹਿਸ ਦਾ ਵਿਸ਼ਾ ਹੋ ਸਕਦਾ ਹੈ ਪਰ ਕਮਿਊਨਿਸਟਾਂ ਦਾ ਧਿਆਨ ਇਸ ਗੱਲ 'ਤੇ ਕੇਂਦਰਤ ਹੋਣਾ ਚਾਹੀਦਾ ਹੈ ਕਿ ਪੀਲੇ ਕਾਰਡ ਬਣਾਉਣ ਲਈ, ਬੁਢਾਪਾ ਪੈਨਸ਼ਨ ਦਿਵਾਉਣ ਲਈ, ਮੱਝ ਲੈਣ ਲਈ ਬੈਂਕ ਤੋਂ ਕਰਜ਼ਾ ਦਿਵਾਉਣ ਲਈ ਗਰੀਬ ਵਰਗ ਨੂੰ ਸ਼ੋਸ਼ਣ ਤੋਂ ਕਿਸ ਤਰ੍ਹਾਂ ਬਚਾਉਣਾ ਹੈ। ਸਿਸਟਮ ਵਿਚ ਫ਼ੈਲੀ ਕੁਰੱਪਸ਼ਨ ਦੇ ਵਿਰੁੱਧ ਉਨ੍ਹਾਂ ਦੀ ਲਾਮਬੰਦੀ ਇਨ੍ਹਾਂ ਨਿੱਕੇ-ਨਿੱਕੇ ਕੰਮਾਂ ਤੋਂ ਹੀ ਹੋ ਸਕਦੀ ਹੈ। ਕਮਿਊਨਿਸਟ ਇਨ੍ਹਾਂ ਨਿੱਕੇ ਕੰਮਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ।

ਵਿੱਦਿਆ ਦਾ ਸਾਰਾ ਸਿਸਟਮ ਢਹਿ-ਢੇਰੀ ਹੋ ਗਿਆ ਹੈ। ਰੱਜੇ-ਪੁੱਜੇ ਲੋਕਾਂ ਦੇ ਬੱਚਿਆਂ ਨੂੰ ਤਾਂ ਪਬਲਿਕ ਸਕੂਲਾਂ, ਆਦਰਸ਼ ਸਕੂਲਾਂ ਜਾਂ ਟਿਊਸ਼ਨ ਰਾਹੀਂ ਰਾਹਤ ਮਿਲ ਜਾਏਗੀ। ਉਨ੍ਹਾਂ ਕੋਲ ਸਾਧਨ ਹਨ ਪਰ ਗ਼ਰੀਬ ਵਰਗ ਦੇ ਬੱਚਿਆਂ ਨੇ ਤਾਂ ਸਰਕਾਰੀ ਸਕੂਲਾਂ ਵਿਚ ਹੀ ਪੜ੍ਹਨਾ ਹੈ। ਇਸ ਲਈ ਵਿੱਦਿਆ ਮਹਿਕਮੇ ਦੀ ਸਹੀ ਆਲੋਚਨਾ ਮੁੱਖ ਤੌਰ 'ਤੇ ਇਸ ਮੁੱਦੇ 'ਤੇ ਕਰਨੀ ਬਣਦੀ ਹੈ। ਗ਼ਰੀਬ ਵਰਗ ਦੀ ਇਸ ਮੁੱਦੇ 'ਤੇ ਲਾਮਬੰਦੀ ਹੋਣੀ ਚਾਹੀਦੀ ਹੈ। ਸਹਿਯੋਗ ਟੀਚਰਜ਼ ਯੂਨੀਅਨ ਵਲੋਂ ਆਉਣਾ ਚਾਹੀਦਾ ਹੈ, ਜਿਸ ਦੇ ਬਹੁਤ ਸਾਰੇ ਮੈਂਬਰ ਕਮਿਊਨਿਸਟ ਵਿਚਾਰਧਾਰਾ ਦੇ ਧਾਰਨੀ ਹਨ। ਅਧਿਆਪਕਾਂ ਦੀਆਂ ਬਦਲੀਆਂ, ਖਾਲੀ ਪੋਸਟਾਂ 'ਤੇ ਅਧਿਆਪਕਾਂ ਦੀ ਨਿਯੁਕਤੀ, ਪੇ-ਕਮਿਸ਼ਨ ਦੀਆਂ ਰਿਪੋਰਟਾਂ ਆਦਿਕ ਮਸਲੇ ਜ਼ਰੂਰ ਹਨ ਪਰ ਕਮਿਊਨਿਸਟਾਂ ਦੀਆਂ ਨਜ਼ਰਾਂ ਵਿਚ ਇਕੋ ਤੇ ਇਕੋ ਮੁੱਦਾ ਹੋਣਾ ਚਾਹੀਦਾ ਹੈ ਕਿ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਕਿਸ ਤਰ੍ਹਾਂ ਸਹੀ ਕਰਨੀ ਹੈ ਤੇ ਇਹ ਮੁੱਦਾ ਵੀ ਇਸ ਲਈ ਹੀ ਪ੍ਰਮੁੱਖਤਾ ਰੱਖਦਾ ਹੈ ਕਿ ਇਨ੍ਹਾਂ ਸਕੂਲਾਂ ਵਿਚ ਗਰੀਬ ਵਰਗ ਦੇ ਬੱਚਿਆਂ ਨੇ ਵਿੱਦਿਆ ਲੈਣੀ ਹੈ। ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਠੀਕ ਨਹੀਂ ਚੱਲ ਰਿਹਾ। ਇਹਦਾ ਸਾਰਾ ਨੁਕਸਾਨ ਗਰੀਬ ਵਰਗ ਨੂੰ ਹੈ। ਐਕਸ-ਰੇਅ ਮਸ਼ੀਨਾਂ ਠੀਕ ਨਹੀਂ, ਟੈਸਟ ਕਰਨ ਵਾਲੀ ਸਾਰੀ ਮਸ਼ੀਨਰੀ ਖ਼ਰਾਬ ਪਈ ਹੈ। ਵੱਡੇ ਲੋਕਾਂ ਨੇ ਪ੍ਰਾਈਵੇਟ ਐਕਸ-ਰੇਅ ਵੀ ਕਰਵਾ ਲੈਣਾ ਹੈ ਟੈਸਟ ਵੀ ਕਰਵਾ ਲੈਣੇ ਹਨ, ਪ੍ਰਾਈਵੇਟ ਨਰਸਿੰਗ ਹੋਮਾਂ ਵਿਚ ਇਲਾਜ ਵੀ ਕਰਵਾ ਲੈਣਾ ਹੈ। ਉਨ੍ਹਾਂ ਕੋਲ ਪੈਸੇ ਹਨ। ਮਰਨਾ ਗ਼ਰੀਬ ਲੋਕਾਂ ਨੇ ਹੈ। ਇਹ ਵਰਗ-ਚੇਤਨਾ ਕਮਿਊਨਿਸਟਾਂ ਨੇ ਹੀ ਦੇਣੀ ਹੈ। ਹੋਰ ਬੁਰਜ਼ੂਆ ਪਾਰਟੀਆਂ ਦਾ ਇਹ ਫ਼ਿਕਰ ਨਹੀਂ।

ਕਿਸਾਨ ਦੀ ਲੁੱਟ ਵੀ ਨਾ ਹੋਵੇ ਅਤੇ ਨਾਲ ਹੀ ਗਰੀਬ ਵਰਗ ਨੂੰ ਅਨਾਜ ਵਾਜਬ ਕੀਮਤ 'ਤੇ ਮਿਲੇ। ਇਹ ਰਾਹ ਲੱਭਣਾ ਵੀ ਕਮਿਊਨਿਸਟਾਂ ਦਾ ਹੀ ਫ਼ਿਕਰ ਹੋ ਸਕਦਾ ਹੈ। ਥਾਣਿਆਂ ਵਿਚ,ਕਚਹਿਰੀਆਂ ਵਿਚ ਗ਼ਰੀਬ ਵਰਗਾਂ ਦਾ ਸ਼ੋਸ਼ਣ ਨਾ ਹੋਵੇ, ਕਮਿਊਨਿਸਟਾਂ ਨੂੰ ਇਸ ਬਾਰੇ ਫ਼ਿਕਰਮੰਦ ਵੀ ਹੋਣਾ ਚਾਹੀਦਾ ਹੈ। ਦਖ਼ਲ-ਅੰਦਾਜ਼ੀ ਵੀ ਕਰਨੀ ਹੈ ਤੇ ਲੋਕਾਂ ਦੀ ਲਾਮਬੰਦੀ ਵੀ ਕਰਨੀ ਹੈ। ਬੁਰਜ਼ੂਆ ਸਿਆਸਤ ਹਰ ਇਕ ਮੁੱਦੇ ਦਾ ਆਮਕਰਨ ਕਰਨਾ ਚਾਹੇਗੀ। ਉਹ ਕਹੇਗੀ ਪੰਜਾਬ ਦੇ ਲੋਕ ਲੁੱਟੇ ਜਾ ਰਹੇ ਹਨ ਪਰ ਕਮਿਊਨਿਸਟ ਸਿਆਸਤ ਇਸ ਗੱਲ 'ਤੇ ਧਿਆਨ ਕੇਂਦਰਤ ਕਰੇਗੀ ਕਿ ਕਿਹੜੇ ਲੋਕ ਲੁੱਟੇ ਜਾ ਰਹੇ ਹਨ। ਕਮਿਊਨਿਸਟਾਂ ਨੂੰ ਲੀਕ ਖਿੱਚ ਕੇ ਆਪਣੀ ਸਿਆਸਤ ਗ਼ਰੀਬ ਵਰਗ ਵਿਚ ਲਿਜਾਣੀ ਪਏਗੀ। ਇਹ ਸਾਬਤ ਕਰਨਾ ਪਏਗਾ ਕਿ ਇਸੇ ਸਿਆਸਤ ਵਿਚ ਹੀ ਇਸ ਵਰਗ ਦੀ ਨਿਜਾਤ ਹੈ। ਦੂਜੀ ਸਾਰੀ ਸਿਆਸਤ ਇਸ ਵਰਗ ਦੀਆਂ ਅੱਖਾਂ ਪੂੰਝਣ ਵਾਲੀ ਲਿੰਬਾਪੋਚੀ ਹੈ। ਕਿਲ੍ਹਾ ਰਾਏਪੁਰ ਦੀ ਜ਼ਿਮਨੀ ਚੋਣ ਦਾ ਇਹੀ ਵੱਡਾ ਸਬਕ ਹੈ।